# ਕਿਸੇ ਇਮੀਗ੍ਰੇਸ਼ਨ ਪ੍ਰਤੀਨਿਧ ਦੀ ਵਰਤੋਂ ਕਰਨਾ — ਇਸਨੂੰ ਸਹੀ ਤਰੀਕੇ ਨਾਲ ਕਰੋ

ਕੈਨੇਡਾ ਹਰ ਸਾਲ ਹਜ਼ਾਰਾਂ ਨਵੇਂ ਆਉਣ ਵਾਲੇ ਲੋਕਾਂ ਦਾ ਸਵਾਗਤ ਕਰਦਾ ਹੈ। ਕਈ ਲੋਕ ਆਪਣੀਆਂ ਇਮੀਗ੍ਰੇਸ਼ਨ (ਪ੍ਰਵਾਸ) ਜਾਂ ਨਾਗਰਿਕਤਾ ਸੰਬੰਧੀ ਅਰਜ਼ੀਆਂ ਵਿੱਚ ਮਦਦ ਲਈ ਪੈਸੇ ਲੈਕੇ ਕੰਮ ਕਰਨ ਵਾਲੇ ਪ੍ਰਤੀਨਿਧਾਂ ਦੀ ਵਰਤੋਂ ਕਰਦੇ ਹਨ।

ਜਿਹੜੇ ਲੋਕ ਪੈਸੇ ਲੈਕੇ ਇਮੀਗ੍ਰੇਸ਼ਨ ਜਾਂ ਨਾਗਰਿਕਤਾ ਸੰਬੰਧੀ ਸਲਾਹ ਜਾਂ ਪ੍ਰਤੀਨਿਧਤਾ ਪ੍ਰਦਾਨ ਕਰਦੇ ਹਨ, ਉਹ ਅਜਿਹਾ ਕਰਨ ਲਈ ਲਾਜ਼ਮੀ ਤੌਰ 'ਤੇ ਅਧਿਕਾਰਿਤ ਹੋਣੇ ਚਾਹੀਦੇ ਹਨ। ਇਸਦਾ ਮਤਲਬ ਇਹ ਹੈ ਕਿ ਪੈਸੇ ਲੈਕੇ ਪ੍ਰਤੀਨਿਧਤਾ ਕਰਨੀ ਜਾਂ ਇਮੀਗ੍ਰੇਸ਼ਨ ਬਾਰੇ ਸਲਾਹ ਪ੍ਰਦਾਨ ਕਰਾਉਣਾ ਸਿਰਫ਼ ਹੇਠ ਲਿਖੀਆਂ ਸੰਸਥਾਵਾਂ ਦੇ ਵਧੀਆ ਸਾਖ ਵਾਲੇ ਮੈਂਬਰਾਂ ਦੁਆਰਾ ਹੀ ਕੀਤਾ ਜਾ ਸਕਦਾ ਹੈ:

- ਕੈਨੇਡਾ ਦੀ ਕੋਈ ਪ੍ਰਾਂਤਕੀ ਜਾਂ ਖੇਤਰੀ ਲਾਅ ਸੋਸਾਇਟੀ
- Chambre des notaires du Québec
- College of Immigration and Citizenship Consultants

ਜੇ ਤੁਸੀਂ ਕਿਸੇ ਇਮੀਗ੍ਰੇਸ਼ਨ ਜਾਂ ਨਾਗਰਿਕਤਾ ਸੰਬੰਧੀ **ਸਲਾਹਕਾਰ** ਦੀਆਂ ਸੇਵਾਵਾਂ ਲੈਣ ਦਾ ਫੈਸਲਾ ਕਰਦੇ ਹੋ, ਤਾ **ਉਹਨਾਂ ਕੋਲ ਲਾਇਸੰਸ ਹੋਣਾ ਲਾਜ਼ਮੀ ਹੈ**। 23 ਨਵੰਬਰ, 2021 ਨੂੰ, the College of Immigration and Citizenship Consultants, ਇਮੀਗ੍ਰੇਸ਼ਨ ਅਤੇ ਨਾਗਰਿਕਤਾ ਸੰਬੰਧੀ ਸਲਾਹਕਾਰਾਂ ਦਾ ਅਧਿਕਾਰਿਤ ਰੈਗੂਲੇਟਰ (regulator) ਹੈ। ਇਮੀਗ੍ਰੇਸ਼ਨ, ਰੀਫਿਊਜੀਸ, ਐਂਡ ਸਿਟੀਜ਼ਨਸ਼ਿਪ ਕੈਨੇਡਾ (Immigration, Refugees and Citizenship Canada - IRCC) **ਗੈਰ-ਲਾਇਸੰਸਸ਼ੁਦਾ ਸਲਾਹਕਾਰਾਂ ਵੱਲੋਂ ਜਮ੍ਹਾਂ ਕਰਵਾਈਆਂ ਗਈਆਂ ਅਰਜ਼ੀਆਂ ਨੂੰ ਸਵੀਕਾਰ ਨਹੀਂ ਕਰੇਗੀ।**

### ਕਿਸੇ ਵੀ ਪ੍ਰਤੀਨਿਧ ਦੀ ਚੋਣ ਧਿਆਨ-ਪੂਰਵਕ ਕਰੋ।

- ਜਿਨ੍ਹਾਂ ਲੋਕਾਂ 'ਤੇ ਤੁਸੀਂ ਵਿਸ਼ਵਾਸ ਕਰਦੇ ਹੋ, ਉਹਨਾਂ ਨੂੰ ਕਿਸੇ ਦੀ ਸਿਫਾਰਸ਼ ਕਰਨ ਲਈ ਕਹੋ। ਚੋਣ ਕਰਨ ਤੋਂ ਪਹਿਲਾਂ ਕਈ ਸਾਰੇ ਲੋਕਾਂ ਕੋਲੋਂ ਸਲਾਹ ਲਓ।
- ਤੁਸੀਂ ਕੋਈ ਲਾਇਸੰਸਸ਼ੁਦਾ ਪ੍ਰਤੀਨਿਧੀ Canada.ca/immigration-representative'ਤੇ ਜਾਕੇ ਲੱਭ ਸਕਦੇ ਹੋ।
- ਪ੍ਰਤੀਨਿਧੀ ਦੀ ਸਿਖਲਾਈ ਅਤੇ ਅਨੁਭਵ ਬਾਰੇ ਪੁੱਛੋ। ਉਦਾਹਰਨ ਲਈ, ਹਵਾਲਿਆਂ ਵਾਸਤੇ ਪੁੱਛੋ ਅਤੇ ਪਤਾ ਕਰੋ ਕਿ ਉਹ ਕਿੰਨ੍ਹੇ ਕੁ ਚਿਰ ਤੋਂ ਇਸ ਕਾਰੋਬਾਰ ਵਿੱਚ ਹਨ। ਕਿਸੇ ਅਜਿਹੇ ਵਿਅਕਤੀ ਤੋਂ ਸਾਵਧਾਨ ~~ਰਹ□~~ ਰਹੋ ਜੋ ਤੁਹਾਡੇ ਸਵਾਲਾਂ ਦਾ ਜਵਾਬ ਨਹੀਂ ਦਿੰਦਾ।
- ਜਾਂਚ ਕਰੋ ਕਿ ਪ੍ਰਤੀਨਿਧੀ ਅਧਿਕਾਰਿਤ ਹੈ।

### ਇੱਕ ਵਾਰ ਜਦ ਤੁਸੀਂ ਕਿਸੇ ਪ੍ਰਤੀਨਿਧੀ ਦੀ ਚੋਣ ਕਰ ਲਈ ਹੈ

- ਕੋਈ **ਲਿਖਤੀ ਇਕਰਾਰਨਾਮਾ (ਜਾਂ ਸੇਵਾ ਸੰਬੰਧੀ ਸਮਝੌਤਾ)** ਹਾਸਲ ਕਰੋ ਅਤੇ ਦਸਤਖਤ ਕਰਨ ਤੋਂ ਪਹਿਲਾਂ ਇਸ ਨੂੰ ਧਿਆਨ ਨਾਲ ਪੜ੍ਹੋ। ਯਕੀਨੀ ਬਣਾਓ ਕਿ ਇਕਰਾਰਨਾਮੇ ਵਿੱਚ ਉਹਨਾਂ ਸੇਵਾਵਾਂ ਦੀ ਸੂਚੀ ਹੋਵੇ ਜੋ ਪ੍ਰਤੀਨਿਧੀ ਤੁਹਾਨੂੰ ਦੇਵੇਗਾ (ਜਿਵੇਂ ਕਿ ਇਮੀਗ੍ਰੇਸ਼ਨ ਬਾਰੇ ਸਲਾਹ ਦੇਣਾ ਜਾਂ ਤੁਹਾਡੀ ਤਰਫ਼ੋ IRCC ਨਾਲ ਨਜਿੱਠਣਾ)। ਇਕਰਾਰਨਾਮੇ ਨੂੰ ਉਹਨਾਂ ਦੀ ਫੀਸ ਸਪੱਸ਼ਟ ਰੂਪ ਵਿੱਚ ਦਰਸਾਉਣੀ ਚਾਹੀਦੀ ਹੈ।
- ਕਿਸੇ ਅਜਿਹੇ ਪ੍ਰਤੀਨਿਧੀ ਤੋਂ ਸੁਚੇਤ ਰਹੋ ਜੋ ਤੁਹਾਨੂੰ ਆਪਣੀ ਅਰਜ਼ੀ ਵਿੱਚ ਗਲਤ ਜਾਣਕਾਰੀ ਦੇਣ ਜਾਂ ਜਾਣਕਾਰੀ ਛੁਪਾਉਣ ਦਾ ਸੁਝਾਅ ਦਿੰਦਾ ਹੈ। ਇਹ ਕਾਨੂੰਨ ਦੇ ਵਿਰੁੱਧ ਹੈ। ਤੁਹਾਡੀ ਅਰਜ਼ੀ ਨੂੰ ਇਨਕਾਰ ਕੀਤਾ ਜਾ ਸਕਦਾ ਹੈ, ਤੁਹਾਨੂੰ ਕੈਨੇਡਾ ਵਿੱਚ ਦਾਖਲੇ ਤੋਂ ਮਨ੍ਹਾਂ ਕੀਤਾ ਜਾ ਸਕਦਾ ਹੈ, ਜਾਂ ਤੁਹਾਡੇ ਪਹੁੰਚਣ ਤੋਂ ਬਾਅਦ ਤੁਹਾਨੂੰ ਤੁਹਾਡੇ ਦੇਸ਼ ਵਾਪਸ ਭੇਜਿਆ ਜਾ ਸਕਦਾ ਹੈ।
- ਖਾਲੀ ਅਰਜ਼ੀ ਫਾਰਮਾਂ, ਜਾਂ ਅਜਿਹੇ ਫਾਰਮਾਂ ਜਾਂ ਦਸਤਾਵੇਜ਼ਾਂ 'ਤੇ ਦਸਤਖਤ ਨਾ ਕਰੋ ਜਿਨ੍ਹਾਂ ਨੂੰ ਤੁਸੀਂ ਪੜ੍ਹ ਨਹੀਂ ਸਕਦੇ। ਜੇ ਤੁਸੀਂ ਉਹਨਾਂ ਨੂੰ ਨਹੀਂ ਸਮਝਦੇ, ਤਾਂ ਮਦਦ ਵਾਸਤੇ ਕਿਸੇ ਨੂੰ ਪੁੱਛੋ।
- ਤੁਹਾਡਾ ਪ੍ਰਤੀਨਿਧੀ ਤੁਹਾਡੇ ਵਾਸਤੇ ਜੋ ਵੀ ਦਸਤਾਵੇਜ਼ ਤਿਆਰ ਕਰਦਾ ਹੈ, ਉਸਦੀਆਂ ਨਕਲਾਂ ਹਾਸਲ ਕਰੋ।
- ਜਦ ਤੁਸੀਂ ਆਪਣੇ ਪ੍ਰਤੀਨਿਧੀ ਨੂੰ ਭੁਗਤਾਨ ਕਰਦੇ ਹੋ ਤਾਂ ਦਸਤਖਤ ਕੀਤੀ ਰਸੀਦ ਵਾਸਤੇ ਪੁੱਛੋ।
- ਆਪਣਾ ਪੈਸਾ ਬਚਾਕੇ ਰੱਖੋ ਅਤੇ ਯਾਦ ਰੱਖੋ ਕਿ IRCC:
  - **ਕਦੇ ਵੀ** ਤੁਹਾਨੂੰ ਕਿਸੇ ਨਿੱਜੀ ਬੈਂਕ ਖਾਤੇ ਵਿੱਚ ਪੈਸੇ ਜਮ੍ਹਾਂ ਕਰਨ ਲਈ ਜਾਂ ਕਿਸੇ ਪ੍ਰਾਈਵੇਟ ਮਨੀ ਟ੍ਰਾਂਸਫਰ ਕੰਪਨੀ ਰਾਹੀਂ ਪੈਸੇ ਟ੍ਰਾਂਸਫਰ ਕਰਨ ਲਈ ਨਹੀਂ ਕਹੇਗੀ
  - ਕੈਨੇਡੀਅਨ ਡਾਲਰਾਂ ਵਿੱਚ ਹੀ ਫੀਸਾਂ ਦਾ ਲੈਣ-ਦੇਣ ਕਰਦੀ ਹੈ ਅਤੇ ਇਹ ਫੀਸਾਂ ਵਿਸ਼ਵ ਭਰ ਵਿੱਚ ਇੱਕੋ ਹੁੰਦੀਆਂ ਹਨ। ਸਥਾਨਕ ਕਰੰਸੀਆਂ ਵਿੱਚ ਫੀਸਾਂ ਅਧਿਕਾਰਿਤ ਐਕਸਚੇਂਜ ਰੇਟ□□ ਉੱਤੇ ਆਧਾਰਿਤ ਹੁੰਦੀਆਂ ਹਨ।

**ਜੇ ਤੁਹਾਨੂੰ ਆਪਣੇ ਪ੍ਰਤੀਨਿਧੀ ਕੋਲੋਂ ਕੋਈ ਸਮੱਸਿਆ ਹੁੰਦੀ ਹੈ**, ਤਾਂ ਤੁਸੀਂ ਕੋਈ ਸ਼ਿਕਾਇਤ ~~ਦਾਇਰ~~ ਦਰਜ ਕਰ ਸਕਦੇ ਹੋ।

- **ਇਮੀਗ੍ਰੇਸ਼ਨ ਅਤੇ ਨਾਗਰਿਕਤਾ ਸੰਬੰਧੀ ਸਲਾਹਕਾਰ ਵਾਸਤੇ**, College of Immigration and Citizenship Consultants ਨਾਲ ਸੰਪਰਕ ਕਰੋ।
- **ਕਿਸੇ ਵਕੀਲ ਜਾਂ ਨੋਟਰੀ ਵਾਸਤੇ**, ਕੈਨੇਡਾ ਦੀ ਕਿਸੇ ਪ੍ਰਾਂਤਕੀ ਜਾਂ ਖੇਤਰੀ ਲਾਅ ਸੋਸਾਇਟੀ ਨਾਲ ਜਾਂ Chambre des notaires du Québec ਨਾਲ (ਸਿਰਫ਼ ਫ੍ਰੈਂਚ ਵਿੱਚ) ਸੰਪਰਕ ਕਰੋ।
- **ਕਿਸੇ ਪੈਰਾਲੀਗਲ ਵਾਸਤੇ (ਸਿਰਫ਼ ਓਨਟਾਰੀਓ),**, ਲਾਅ ਸੋਸਾਇਟੀ ਆਫ਼ ਓਨਟਾਰੀਓ ਨਾਲ ਸੰਪਰਕ ਕਰੋ।

ਹੋਰ ਲਾਭਦਾਇਕ ਨੁਕਤਿਆਂ, ਅਧਿਕਾਰਿਤ ਸਲਾਹਕਾਰਾਂ ਦੀ ਇੱਕ ਸੂਚੀ, ਅਤੇ ਤੁਹਾਨੂੰ ਕਿਸੇ ਪ੍ਰਤੀਨਿਧੀ ਦੀ ਚੋਣ ਕਰਨ ਵਿੱਚ ਮਦਦ ਕਰਨ ਲਈ ਆਮ ਜਾਣਕਾਰੀ ਵਾਸਤੇ ਦੇਖੋ Canada.ca/immigration-representative.